
ਕਹਾਣੀ-ਬਾਗ਼

ਕਹਾਣੀ -ਬਾਗ਼

ਲੇਖਕ -Maninder Miani

ph: +393291811069

(ਏ ਮੇਰੀ ਨਹੀ ਸਾਇਦ ਹਰ ਉਸ ਵੀਰ ਦੀ ਕਹਾਣੀ ਹੋਵੇ ਜਿਹੜੇ ਕਦੇ 2 ਨੰਬਰ ਚ ਪਰਦੇਸਾ ਨੂੰ ਆਏ)

ਮੈਂ ਜਿਸ ਬਾਗ਼ ਵਿੱਚ ਰਹਿੰਦਾਂ ਸਾ ਉੱਥੇ ਬੜੇ ਫੁੱਲ ਸਨ ਮੈ ਵੀ ਉਹਨਾ ਫੁੱਲਾ ਵਿੱਚੋ ਇੱਕ ਸਾ  ਉਹਨਾ ਵਿੱਚ ਹਸਦਿਆ ਖੇਡਦਿਆ ਉਮਰ ਦੇ ਵੀਹ ਵਰੇ ਕਿੰਝ  ਲੰਘ ਗਏ ਪਤਾ ਹੀ ਨਾਂ ਲੱਗਾ ਸਾਇਦ ਏ ਸੱਭ ਇੱਕ ਪਲ ਵਿੱਚ ਲੰਗ ਗਏ ਜਾਂ ਫਿਰ....ਜਾਂ ਫਿਰ ਜਿਵੇਂ ਕੋਈ ਓਪਰਾ ਬੂਹੇ ਅੱਗੋ ਲੰਗਣ ਲੰਗੇ ਜਿੰਨਾ ਕੁ ਵਕਤ ਲਾਉਦਾਂ ਇੰਝ ਲੰਗੇ  ਇਸ ਬਾਗ਼ ਚ ਮੇਰਾ ਪਰਿਵਾਰ ਸੀ ਮੇਰੇ ਦੋਸਤ  ਹਾ ਮੈਨੂੰ ਯਾਦ ਏ ਮੇਰੇ ਇਕ ਦੋਸਤ ਨੇ ਹੀ ਤੇ ਮੈਨੂੰ ਹੋਰਾਂ ਬਾਗ਼ਾ ਬਾਰੇ ਦੱਸਿਆ ਸੀ ਓ ਕਹਿੰਦਾ ਸੀ ਇਸ ਸੰਸਾਰ ਚ ਕੋਈ ਆਹੀ ਇਕ ਬਾਗ਼ ਨਹੀ ਹੋਰ ਬਹੁਤ ਸੋਹਣੇ –ਸੋਹਣੇ ਬਾਗ਼ ਨੇ ਉਹਨਾ ਬਾਗ਼ਾ ਵਿਚ ਰਹਿਣ ਦਾ ਤਰੀਕਾ ਹੋਰ ਏ ਉਹ ਉਹਨਾ ਬਾਗ਼ਾ ਵਿੱਚੋ ਹੋ ਕੇ ਆਇਆ ਸੀ ਉਹ ਹਰ ਟਾਇਮ ਉਹਨਾ ਬਾਗ਼ਾ ਬਾਰੇ ਕੋਈ ਨਾ ਕੋਈ ਗੱਲ ਤੋਰੀ ਰੱਖਦਾ ਉਹਨਾ ਬਾਗ਼ਾ ਬਾਰੇ ਸੁਣ ਮੇਰਾ ਵੀ ਮਨ ਉਹਨਾ ਨੂੰ ਵੇਖਣ ਨੂੰ ਕਰਦਾ ਮੈ ਉਸਨੂੰ ਪੁੱਛਦਾ ਉੱਥੇ ਕਿੰਝ ਜਾ ਹੁੰਦੇ ਉਥੇ ਜਾਣ ਲਈ ਮੈਨੂੰ ਕੀ ਕਰਨਾ ਪਵੇਗਾ ਉਹ ਕਹਿੰਦਾ ਉੱਥੇ ਜਾਣ ਲਈ ਕਿਸਮਤ ਚਾਹੀਦੀ ਏ.....

ਕਿਸਮਤ...

ਹਾਂ ਕਿਸਮਤ ਜੇ ਚੰਗੀ ਕਿਸਮਤ ਨਾਲ ਲੈ ਟੁਰੇ ਤਾਂ ਬੰਦਾ ਥੋੜ੍ਹੇ ਕੁ ਵਕਤ ਚ ਉੱਥੇ ਪਹੁੰਚ ਜਾਂਦੇ ਪਰ ਕਈ ਵਾਰ
ਥੋੜੀ ਬਹੁਤ ਔਖਿਆਈ ਵੀ ਚੱਲਣੀ ਪੈਂਦੀ ਏ ਬੱਸ ਬੰਦਾ ਹੋਸਲਾ ਬੰਨੀ ਰੱਖੇ..
ਕਿਸਮਤ ਦੀ ਉਡੀਕ ਵਿੱਚ
ਮੈ ਰੋਜ਼ ਰਾਤ ਨੂੰ ਤਾਰਿਆ ਕੰਨੀ ਝਾਤ ਪਾਈ ਸੋਚਾਂ ਵਿੱਚ ਖੁਭਿਆ ਰਹਿੰਦਾ ਇੰਨਾ ਤਾਰਿਆ ਨੂੰ ਪਾਉਣ ਦੀ ਚਾਹਤ ਕਦੇ ਵੀ ਨਹੀ ਸੀ ਬੱਸ ਇਹਨਾ ਨੂੰ ਓ ਦੂਰ ਵਾਲੇ ਬਾਗ਼ਾ ਚੋ ਜਾ ਕੇ ਦੇਖਣ ਦੀ ਜਰੂਰ ਸੀ ਉੰਥੋ ਏ ਕਿੰਝ ਦੇ ਦਿਸਦੇ ਹੋਣਗੇ
ਵਕਤ ਪਾ ਕਿਸਮਤ ਨੇ ਆ ਹੱਥ ਫੜਿਆ ਤੇ ਕਾਹਲੀ ਚ ਨਾਲ ਟੋਰ ਲਿਆ ਮੈਨੂੰ ਇੰਨਾ ਵਕਤ ਵੀ ਨਾ ਮਿਲਿਆ ਕੇ ਮੈ ਕਿਸੇ ਨੂੰ ਚੰਗੀ ਤਰਾਂ ਮਿਲ ਸਕਾ ਹੁਣ ਮੈ ਆਪਣੇ ਬਾਗ਼ ਤੋ ਦੂਰ ਜਾ ਰਿਹਾ ਸਾ  ਮੈ ਜਿਵੇ-ਜਿਵੇ ਆਪਣੇ ਬਾਗ਼ ਤੋ ਦੂਰ ਜਾ ਰਿਹਾ ਸਾ ਕੋਈ ਖਿੱਚ ਮੈਨੂੰ ਪਿਛਾਹ ਖਿੱਚ ਰਹੀ ਸੀ ਅਸਲ ਚ ਏ ਮੋਹ ਦੀਆ ਤੰਦਾਂ ਸਨ ਜਿਹੜੀਆ ਰਬੜ ਵਾਂਗ ਦੂਰੀ ਪੈਣ ਤੇ ਵੱਧਦੀਆ ਜਾ ਰਹੀਆ ਸਨ  ਅਗਾਹ ਦਾ ਮੋਹ ਹੁਣ

ਘੱਟ ਰਿਹਾ ਸੀ ਪਿਛਾਹ ਦੀ ਖਿੱਚ ਬਹੁਤੀ ਸੀ ਪਰ ਜੇ ਸਮੁੰਦਰ ਨੂੰ ਗਾਹ ਕੇ ਵੇਖਣਾ ਹੈ ਤਾਂ ਕਿਨਾਰੇ ਨੂੰ ਅੱਖੋਂ ਉਹਲੇ ਕਰਣਾ ਪਵੇਗਾ ਆਖ ਮੈ ਦਿਲ ਨੂੰ ਦਿਲਾਸੇ ਦਿੱਤੇ ਸਨ ਤੇ ਉਹਨਾ ਬਾਗ਼ਾ ਨੂੰ ਵੇਖ ਜਲਦੀ ਮੁੜ ਆਉਣ ਦੇ ਵਾਧੇ ਕੀਤੇ ਸਨ

ਜਿੰਨੀ ਕਾਹਲੀ ਨਾਲ ਕਿਸਮਤ ਮੈਨੂੰ ਲੇ ਕੇ ਟੁਰੀ ਕੋਹਾਂ ਦੂਰ ਲਿਜਾਹ ਕੇ ਉਹਨੇ ਔਨੀ ਹੀ ਚਾਲ ਮੱਠੀ ਪਾ ਲਈ ਤੇ ਦੂਰ ਜਾ ਖਲੋਤੀ ਜਿਵੇਂ ਹੁਣ ਮੇਰਾ ਕੋਈ ਇਮਤਿਹਾਨ ਲੈਣਾ ਹੋਵੇ ਉਸ ਮਲਾਹ ਵਾਂਗ ਜਿਸ ਨੇ ਕਿਸੇ ਰਾਹੀ ਨੂੰ ਕਿਸਤੀ ਵਿੱਚ ਬਿਠਾ ਕੇ ਸਮੁੰਦਰ ਵਿੱਚ ਠੇਲ ਦਿੱਤਾ ਹੋਵੇ ਤੇ ਆਪ ਕਿਨਾਰੇ ਖੜ੍ਹਾ ਇੱਕ -ਟੱਕ ਉਸ ਵੱਲ ਦੇਖੀ ਜਾ ਰਿਹਾ ਹੋਵੇ ਤੇ ਰਾਹੀ ਵੀ ਐਸਾ ਜਿਸ ਨੇ ਤੈਰਨਾ ਤੇ ਕੀ ਸਮੁੰਦਰ ਹੀ ਪਹਿਲੀ ਵਾਰ ਵੇਖਿਆ ਹੋਵੇ ਉਸ ਵੇਲੇ ਮੈ ਐਸੀ ਮੁਸੀਬਤ ਿਵੱਚ ਸਾ ਜੇ ਮੈ ਟੁਰਦਾ ਤੇ ਸਾਮਤ(ਗਲਤ ਰਾਹ) ਨਾਲ ਜਾ ਰਲਦਾ ਜੇ ਨਾ ਟੁਰਦਾ ਸਾਮਤ(ਭੁੱਖ) ਮੇਰੇ ਨਾਲ ਆ ਰਲਦੀ ਜਿਵੇ ਕੋਈ ਹਨੇਰੇ ਦਾ ਡਰਿਆ ਦਿਨ ਚੜਨ ਦੀ ਉਡੀਕ ਕਰਦਾ ਏ ਮੈ ਵੀ ਕਿਸੇ ਸਹੀ ਰਾਹ ਦੀ ਤਲਾਸ਼ ਵਿੱਚੱ ਚ ਸਾ ਜਿਹੜਾ ਮੈਨੂੰ ਮੇਰੀ ਮੰਜ਼ਿਲ ਤੱਕ

ਲੈ ਜਾਵੇ  ਕਈ ਵਾਰ ਮੈ ਆਪਣੇ ਆਪ ਨੂੰ ਕਿਹਾ ਮੈ ਜਰੂਰ ਸੁਪਨਾ ਵੇਖ ਰਿਹਾ ਕਈ ਵਾਰ ਮੈ ਆਪਣੇ ਆਪ ਨੂੰ ਕਿਹਾ ਕੇ ਜੇ ਏ ਸੁਪਨਾ ਨਹੀ ਤਾ ਮੈ ਇਹ ਸੁਪਨਾ ਹੀ ਕਿਉ ਵੇਖਿਆ

ਪਹਾੜ ਵਰਗੀ ਮੰਜ਼ਿਲ ਤੇ ਉਸ ਤੱਕ ਰਾਹ ਬਣਾਉਦੇ ਹੋਏ ਜਿੰਦਗੀ ਨੂੰ ਧੂਹ ਕੇ ਖੜਣਾ ...ਉਸ ਵੇਲੇ ਮੇਰੇ ਜ਼ਿਹਨ ਚ ਉਹ ਯਾਦ ਵੀ ਉਕਰੀ ਜਦੋ ਮੈ ਆਪਣੇ ਬਾਗ਼ ਵਿੱਚੋਂ ਓ ਅਸਮਾਨ ਵੱਲ ਉਡਦੇ ਇੱਕ ਪੰਛੀ ਨੂੰ ਵੇਖਿਆ ਸੀ ਜਿਹੜਾ ਅਪਣਿਆ ਤੋ ਵਿਛੜ ਗਿਆ ਤੇ ਕੁਰਲਾਈ ਜਾ ਰਿਹਾ ਸੀ ਉਸ ਦਿਨ ਮੈਨੂ ਲੱਗਾ ਮੈ ਉਹੀ ਪੰਛੀ ਹਾ

ਤੇ

ਸਾਇਦ

ਉਸ ਦਿਨ ਮੇਰਾ ਪਰਛਾਵਾਂ ਵੀ ਮੇਰੇ ਨਾਲ ਨਹੀ ਸੀ ਤੁਰ ਰਿਹਾ

ਪਰ ਮੈਨੂੰ ਤੁਰਨਾ ਪੈਣਾ ਸੀ ਤੁਰਿਆ ਹੀ ਮੈ ਕਿਤੇ ਪਹੁੰਚ ਸਕਦਾ ਸਾ ਇੱਕ ਆਸ ਬੰਨੀ ਹੋਸਲਾ ਬੰਨੀ ਮੈ ਤੁਰ ਪਿਆ ਸਾ ਅਜੇ ਧੋੜੇ ਹੀ ਰਾਹ ਤੁਰਿਆ ਸਾ ਪੈਰਾ ਵਿੱਚ ਕੰਡੇ ਵੱਜੇ ਸਨ ਉਹ ਆਪਣਾ ਫਰਜ ਨਿਭਾ ਰਹੇ

ਸਨ ਮੈ ਆਪਣੀ ਮੰਜ਼ਿਲ ਪਾਉਣ ਲਈ ਜੱਦੋ ਜਹਿਦ ਕਰ ਰਿਹਾ ਸਾ ਕਈ ਵਾਰ ਲੱਗਾ ਸੀ ਕੇ ਮੇਰੀ ਜਿੰਦਗੀ ਦੀ ਤਸਵੀਰ ਹੁਲਾਰੇ ਖਾਂਦੀ ਥੱਲੇ ਡਿੱਗ ਚੂਰ ਹੋ ਜਾਵੇਗੀ ਪਰ ਉਸ ਵਕਤ ਬੰਨੇ ਹੋਸਲੇ ਨੇ ਹੁਲਾਰੇ ਖਾਂਦੀ ਜਿੰਦਗੀ ਦੀ ਤਸਵੀਰ ਦੇ ਚਾਰੇ ਕੋਨੇਆ ਤੇ ਕਿਲ ਜੜ ਕੇ ਮੈਨੂੰ ਮੰਜ਼ਿਲ ਤੱਕ ਪਹੁੰਚਾ ਦਿਤਾ

ਮੇਰਾ ਚੰਗਾ ਇਮਤਿਹਾਨ ਲੈ ਕੇ ਹਾਸੇ ਮੁੜ ਆ ਗਲੇ ਲੱਗੇ ਉਚੀਆ ਨੀਵੀਆ ਥਾਵਾਂ ਲੰਗ ਜਿੰਦਗੀ ਫਿਰ ਿਇਕ ਪੱਧਰ ਹੋ ਟੁਰੀ ਪੈਰਾਂ ਤੇ ਵੱਜੇ ਕੰਡੇਆ ਦੇ ਨਿਸਾਨ ਹਮੇਸ਼ਾ ਲਈ ਮਿੱਟ ਗਏ ਪਰ ਜਾਂਦੇ ਜਾਂਦੇ ਦਿਲ ਵਿੱਚ ਡੂੰਗੀ ਛਾਪ ਛੱਡ ਗਏ..... ..... ... .. .

ਤੇ ਮੇਰਾ ਬਾਗ਼ ਜਿਸ ਤੋ ਦੂਰੀ ਪਾਇਆ ਮੈਨੂੰ ਕੋਈ ਸੱਤ ਵਰੇ ਹੋ ਚੱਲੇ ਉਥੇ ਬੜਾ ਕੁੱਝ ਬਦਲ ਗਿਆ ਖਿੜੇ ਖਿੜੇ ਰਹਿਣ ਵਾਲੇ ਫੁੱਲ ਹੁਣ ਮੁਰਜਾ ਜਏ ਗਏ ਨੇ ਕਈ ਤੇ ਬਹੁਤ ਦੂਰ ਚਲੇ ਗਏ ਜਿੰਨਾ ਨੂੰ ਮੈ ਇਸ ਦੁਨੀਆ ਚ ਹੁਣ ਕਦੇ ਨਹੀ ਮਿਲ ਸਕਦਾ ਪਰ ਕਈ ਨਿੱਕੇ ਨਿੱਕੇ ਨਵੇ ਫੁੱਲ ਖਿੜੇ ਨੇ ਉਹਨਾ ਦੀਆ ਭੋਲੀਆ ਭੋਲੀਆ ਗੱਲਾ ਮੈਨੂੰ ਟੁੰਭ ਜਾਂਦੀਆ ਨੇ ਓਹਨਾ ਨੂੰ ਦੇਖਣ ਨੂੰ ਮਿਲਣ ਨੂੰ ਮੇਰਾ ਬੜਾ ਦਿਲ ਕਰਦਾ..

ਇੱਕ  ਅਰਜੋਈ ਰੱਬ ਅੱਗੇ.....

ਜਿੰਨੀ ਵੀ ਤੂੰ ਲਿਖੀ ਰੱਬਾ ਸੁੱਖੀ ਸਾਂਧ ਲੰਘਾ ਦਵੀ
ਰੱਖਣ ਸਾਰੇ ਯਾਦ ਮੈਨੂੰ ਕੁੱਝ ਐਸਾ ਬੱਸ ਲਿਖਵਾ ਦਵੀ
ਆਪ ਸੁਣਾਵਾ ਜਿਹੜਾ ਸੱਭ ਨੂੰ ਮੈ ਆਪਣੇ ਮੂਹੋਂ ਗਾ ਕੇ
ਰੱਬਾ ਮੇਰੇ ਸਾਹ ਮੁਕੱਣ ਮੇਰੇ ਪਿੰਡ ਮਿਆਣੀ ਜਾ ਕੇ

ਮੈ ਜਿੱਥੇ ਖੇਡ ਜਵਾਨ ਹੋਇਆ ਓ ਗਲੀਆਂ ਬੂਹੇ ਵੇਖ ਲਵਾ
ਰੱਬ ਵਰਗੀ ਮਾਂ ਆਪਣੀ ਦੇ ਪੈਰੀ ਮੱਥਾ ਟੇਕ ਲਵਾ
ਫਿਰ ਕੁੱਝ ਮੈਨੂੰ ਸਮਝਾਵੇ ਬਾਪੂ ਕੋਲ ਬਿਠਾ ਕੇ
ਰੱਬਾ ਮੇਰੇ ਸਾਹ ਮੁਕੱਣ ਮੇਰੇ ਪਿੰਡ ਮਿਆਣੀ ਜਾ ਕੇ

ਕੀ ਹਾ ਚਾਹੁੰਦਾਂ ਮੈ ਏ ਮੈਥੋਂ ਬੋਲ ਕੇ ਕੁੱਝ ਨਾ ਦੱਸ ਹੋਵੇ
ਇੱਕ ਸੱਚ ਉਙ ਏ ਵੀ ਦਿਲ ਵਿੱਚ ਵੀ ਕੁੱਝ ਨਾ ਰੱਖ ਹੋਵੇ
ਮੈ ਦਿਲ ਦੀਆਂ ਗੱਲਾਂ ਦੱਸਦਾ ਹਾ ਬੱਸ ਅੱਖਰਾ ਵਿੱਚ ਲੁਕਾ ਕੇ
ਰੱਬਾ ਮੇਰੇ ਸਾਹ ਮੁਕੱਣ ਮੇਰੇ ਪਿੰਡ ਮਿਆਣੀ ਜਾ ਕ

# ਮੇਰਾ ਸੋਹਣਾ ਪਿੰਡ ਮਿਆਣੀ ਬਾਕਰਪੁਰ

